# ELECTION CELL

**Electoral Registration Officer,**
**AC- 093-BATHINDA RURAL(SC)**
Gpc Btl, Civil Block, Opposite Cantonment Area Btl.
Email:: ero-93@Punjab.gov.in

ਜ਼ਿੰਮੇਵਾਰ ਬਣੋ ਵੋਟਰ ਬਣੋ


ਡੀ-1
20267074
8/6/2026

ਵੱਲ,

ਸਮੂਹ ਵਿਭਾਗਾਂ ਦੇ ਮੁੱਖੀ,
093 ਬਠਿੰਡਾ ਦਿਹਾਤੀ।

ਪੱਤਰ ਨੰ: ਚਸ/2026/615 ਮਿਤੀ:05-06-2026

ਵਿਸ਼ਾ:- Special Intensive Revision-2026 ਦੇ ਸੰਬੰਧ ਵਿੱਚ ਅਧਿਕਾਰੀਆਂ/ਕਰਮਚਾਰੀਆਂ ਨੂੰ ਫ਼ਾਰਗ ਕਰਨ ਬਾਰੇ।

ਉਪਰੋਕਤ ਵਿਸ਼ੇ ਦੇ ਸੰਬੰਧ ਵਿੱਚ ਆਪ ਨੂੰ ਲਿਖਿਆ ਜਾਂਦਾ ਹੈ ਕਿ ਭਾਰਤ ਚੋਣ ਕਮਿਸ਼ਨ ਅਤੇ ਮੁੱਖ ਚੋਣ ਅਫ਼ਸਰ ਪੰਜਾਬ ਜੀ ਵੱਲੋਂ Special Intensive Revision-2026 ਦਾ ਐਲਾਨ ਹੋ ਚੁੱਕਾ ਹੈ। ਜਿਸ ਸੰਬੰਧੀ ਹਦਾਇਤਾਂ ਦੀ ਪਾਲਣਾ ਕਰਦੇ ਹੋਏ ਇਸ ਸੰਬੰਧੀ ਚੱਲ ਰਹੇ ਅਹਿਮ ਕੰਮਾਂ ਨੂੰ ਸੁਚਾਰੂ ਅਤੇ ਪਾਰਦਰਸ਼ੀ ਢੰਗ ਨਾਲ ਨੇਪਰੇ ਚਾੜ੍ਹਨ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿੰਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਦੀ ਡਿਊਟੀ ਨਿਮਨਹਸਤਾਖਰ ਦੇ ਹਲਕੇ ਅਧੀਨ ਬਤੌਰ ਬੀ.ਐਲ.ਓ/ਸੁਪਰਵਾਈਜ਼ਰ/ਮਾਸਟਰ ਟ੍ਰੇਨਰ ਆਦਿ ਸੰਬੰਧੀ ਲੱਗੀ ਹੋਈ ਹੈ, ਉਨ੍ਹਾਂ ਅਧਿਕਾਰੀਆਂ/ਕਰਮਚਾਰੀਆਂ ਨੂੰ ਮਿਤੀ: 08.06.2026 ਤੋ ਅਗਲੇ ਹੁਕਮਾਂ ਤੱਕ ਫ਼ਾਰਗ ਕੀਤਾ ਜਾਵੇ ਤਾਂ ਜੋ ਇਸ ਹਲਕੇ ਅਧੀਨ ਚੱਲ ਰਹੇ ਅਹਿਮ ਕੰਮ ਜਿਵੇਂ ਕਿ Pre-SIR Mapping/Clearance of Anomalies ਅਤ Special Intensive Revision-2026 ਨੂੰ ਹਦਾਇਤਾਂ ਅਨੁਸਾਰ ਨਿਰਵਿਘਨ ਨੇਪਰੇ ਚਾੜ੍ਹਿਆ ਜਾ ਸਕੇ।

ਇੰਨ੍ਹਾਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ। ਕਿਸੇ ਕਿਸਮ ਦੀ ਦੇਰੀ ਦੀ ਸੂਰਤ ਵਿੱਚ ਲੋਕ ਪ੍ਰਤੀਨਿਧਤਾ ਐਕਟ 1950 ਦੀ ਧਾਰਾ 32 ਤਹਿਤ ਅਨੁਸ਼ਾਸਨੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇਗੀ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ ।

ਪਿੱਠ ਅੰਕਣ ਨੰ: 616-617 ਮਿਤੀ: 05-06-2026

ਇਸ ਦਾ ਇੱਕ ਉਤਾਰਾ:

1. ਜ਼ਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ ਬਠਿੰਡਾ ਜੀ ਪਾਸ ਸੂਚਨਾ ਹਿੱਤ।
2. ਸੰਬੰਧਤ ਸੁਪਰਵਾਈਜ਼ਰ/ਬੀ.ਐਲ.ਓ/ਮਾਸਟਰ ਟ੍ਰੇਨਰ ਨੂੰ ਭੇਜਕੇ ਹਦਾਇਤ ਕੀਤੀ ਜਾਂਦੀ ਹੈ ਕਿ ਉਕਤ ਅਨੁਸਾਰ ਚੋਣਾਂ ਸੰਬੰਧੀ ਚੱਲ ਰਹੇ ਅਹਿਮ ਕੰਮਾਂ ਨੂੰ ਸਮੇਂ ਸਿਰ ਮੁਕੰਮਲ ਕੀਤਾ ਜਾਵੇ ਅਤੇ ਇਸ ਦਫ਼ਤਰ ਵੱਲੋਂ ਪ੍ਰਾਪਤ ਹੋਣ ਵਾਲੀਆਂ ਹਦਾਇਤਾਂ ਅਨੁਸਾਰ ਮੰਗੀਆਂ ਜਾਂਦੀਆਂ ਰਿਪੋਰਟਾਂ ਨੂੰ ਸਮੇਂ ਸਿਰ ਇਸ ਦਫ਼ਤਰ ਪਾਸ ਭੇਜਿਆ ਜਾਵੇ ਅਤੇ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਚੱਲ ਰਹੇ ਵੋਟਰ ਸੂਚੀਆਂ ਦੀ ਮੈਪਿੰਗ ਦੇ ਅਹਿਮ ਕੰਮ ਨੂੰ ਨਾਲੋ ਨਾਲ ਕਰਨਾ ਯਕੀਨੀ ਬਣਾਇਆ ਜਾਵੇ।

ਚੋਣਕਾਰ ਰਜਿਸਟਰੇਸ਼ਨ ਅਫ਼ਸਰ,
093 ਬਠਿੰਡਾ ਦਿਹਾਤੀ ।

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

ਪਿਠ ਅੰਕਣ ਨੰ ਜੀ-1/1 ( )2026/ 1007 ਮਿਤੀ : 08.06.26

ਉਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ , ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ ।

08/06/26

ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ ।